ਅਰਮਾਨ (ARMAAN)
Vol. 3 | Issue 3 | July-Sep. 2025
ISSN: 2583-9446 (O)
Paper Published Id: ARMN030313
Available online at: www.armaan.org.in
DOI: https://doi.org/10.64119/armaan.vol.3.issue3.13

# ਪ੍ਰੋ. ਪੂਰਨ ਸਿੰਘ ਦੀ ਕਾਵਿ ਰਚਨਾ: ਵਿਭਿੰਨ ਸਰੋਕਾਰ

# PROF. PURAN SINGH DI KAAVI RACHNA: VIBHIN SAROKAR

**ਡਾ. ਨਰਿੰਦਰਜੀਤ ਕੌਰ (Dr. Narinderjit Kaur)**
**ਐਸੋਸੀਏਟ ਪ੍ਰੋਫੈਸਰ ਅਤੇ ਮੁਖੀ, ਪੰਜਾਬੀ ਵਿਭਾਗ (Asso. Prof. & Head, Punjabi Dept.)**
**ਖ਼ਾਲਸਾ ਕਾਲਜ ਫ਼ਾਰ ਵਿਮੈਨ,ਸਿਵਿਲ ਲਾਈਨਜ਼, ਲੁਧਿਆਣਾ (ਪੰਜਾਬ)**
**Email ID: narinderjitkaurkcw067@gmail.com ਮੋਬਾਈਲ: +91- 98156-62849**

**ਸਾਰ (Abstract)**

*ਕੋਈ ਵੀ ਕਵੀ ਆਪਣੀ ਕਾਵਿਕ ਸਿਰਜਣਾ ਆਪਣੇ ਅਨੁਭਵ ਤੋਂ ਬਿਨ੍ਹਾਂ ਨਹੀ ਕਰ ਸਕਦਾ।ਕਵੀ ਦੇ ਮਨ 'ਚੋਂ ਸਫੁੱਟਿਤ ਹੋਏ ਸ਼ਬਦ ਆਪ ਮੁਹਾਰੇ ਉਸ ਦੇ ਭਾਵਾਂ ਦੀ ਅਭਿਵਿਅਕਤੀ ਕਰਦੇ ਹਨ।ਕਵਿਤਾ ਮਨੁੱਖੀ ਮਨ ਦੀ ਹੂਕ ਹੈ ਜਿਸ ਵਿੱਚ ਕਵੀ ਆਵੇਸ਼ 'ਚ ਆ ਕੇ ਆਪਣੇ ਤੀਬਰ ਭਾਵਾਂ ਦੀ ਅਭਿਵਿਅਕਤੀ ਕਰਦਾ ਹੈ। ਪ੍ਰੋ. ਪੂਰਨ ਸਿੰਘ ਪੰਜਾਬੀਅਤ ਦਾ ਕਵੀ ਹੈ।ਅਣਵੰਡੇ ਪੰਜਾਬ ਵਿੱਚ ਜਨਮੇ ਹੋਣ ਕਰਕੇ ਉਸ ਅੰਦਰ ਰਾਸ਼ਟਰੀ ਸੰਸਕ੍ਰਿਤੀ ਅਤੇ ਭਾਰਤ ਵਾਸੀਆਂ ਪ੍ਰਤੀ ਪਿਆਰ ਠਾਠਾਂ ਮਾਰਦਾ ਹੋਇਆ "ਆ ਪੰਜਾਬ ਤੂੰ ਮੁੜ ਆ" ਦਾ ਨਾਹਰਾ ਮਾਰਦਾ ਹੈ।ਉਹ ਭਾਈ ਵੀਰ ਸਿੰਘ ਦੀ ਤਰ੍ਹਾਂ ਸਮੁੱਚੇ ਬ੍ਰਹਿਮੰਡ ਨੂੰ ਕਰਤਾਰ ਦੀ ਸਿਰਜਣਾ ਮੰਨਦਾ ਹੈ।ਉਸ ਤੇ ਵਾਲਟ ਵਿਟਮੈਨ ਵਰਗੇ ਅੰਗਰੇਜ਼ੀ ਵਿਦਵਾਨਾਂ ਦਾ ਕਾਫ਼ੀ ਪ੍ਰਭਾਵ ਹੈ ਜਿਸ ਕਰਕੇ ਉਹ, ਉਹਨਾਂ ਦੀ ਤਰ੍ਹਾਂ ਖੁੱਲ੍ਹੀ ਕਵਿਤਾ ਲਿਖਦਾ ਹੈ। ਉਸ ਦਾ ਆਪਮੁਹਾਰਾਪਨ, ਅਲਬੇਲਾਪਨ ਅਤੇ ਭਾਵੁਕਤਾ ਉਸ ਦੇ ਅੰਤਰਮਨ ਵਿੱਚ ਵਿਦਮਾਨ ਹਨ ਜਿਸ ਕਰਕੇ ਉਸ ਨੂੰ ਸਾਰੀ ਕਾਦਰ ਦੀ ਕੁਦਰਤ ਲੱਗਦੀ ਹੈ। ਪ੍ਰੋ. ਪੂਰਨ ਸਿੰਘ ਦੀ ਆਦਰਸ਼ਵਾਦੀ ਸੋਚ ਉਸ ਦੀਆਂ ਕਾਵਿ ਰਚਨਾਵਾਂ ਵਿੱਚ ਸਹਿਜੇ ਹੀ ਝਲਕਦੀ ਹੋਈ ਪੰਜਾਬੀਅਤ ਪ੍ਰਤੀ ਸੰਵੇਦਨਸ਼ੀਲ ਭਾਵਾਂ ਦੀ ਤਰਜਮਾਨੀ ਕਰਦੀ ਹੈ ਅਤੇ ਅਜੋਕੀ ਪੰਜਾਬੀ ਕੌਮ ਨੂੰ ਹਲੂਣਦੀ ਹੋਈ ਪ੍ਰੇਰਨਾ ਸ੍ਰੋਤ ਹੋ ਨਿਬੜਦੀ ਹੈ।ਹੱਥਲੇ ਖੋਜ-ਪੱਤਰ ਵਿੱਚ ਮੈਂ ਪ੍ਰੋ. ਪੂਰਨ ਸਿੰਘ ਦੀਆਂ **ਕਾਵਿ-ਰਚਨਾਵਾਂ- ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ ਅਤੇ ਖੁਲ੍ਹੇ ਅਸਮਾਨੀ ਰੰਗ** ਨੂੰ ਆਧਾਰ ਬਣਾ ਕੇ ਉਸ ਵਿਚਲੇ ਵਿਭਿੰਨ ਸਰੋਕਾਰਾਂ ਨੂੰ ਉਘਾੜਨ ਦਾ ਉਪਰਾਲਾ ਕੀਤਾ ਹੈ।*

***ਕੀਵਰਡ (Keyword): ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ ਅਤੇ ਖੁਲ੍ਹੇ ਅਸਮਾਨੀ ਰੰਗ- ਆਦਰਸ਼ਵਾਦੀ ਸੋਚ, ਗੁਰਮਤਿ-ਰਹੱਸਵਾਦ, ਪਿਆਰ-ਅਨੁਭਵ, ਰੁਮਾਂਸਵਾਦ, ਇਸਤਰੀ ਪ੍ਰਤੀ ਦ੍ਰਿਸ਼ਟੀਕੋਣ, ਕਿਰਤੀ, ਪੰਜਾਬ ਅਤੇ ਪੰਜਾਬੀਅਤ, ਸੈਲਾਨੀ।***

ਪ੍ਰੋ: ਪੂਰਨ ਸਿੰਘ (1881ਈ: ਤੋਂ 1931ਈ:) ਨੂੰ ਵੀਹਵੀਂ ਸਦੀ ਦੇ ਮਹਾਨ ਉੱਸਰਈਆਂ ਵਿਚੋਂ ਵਿਲੱਖਣ ਸਥਾਨ ਹਾਸਿਲ ਹੈ। ਉਸ ਨੇ ਅਜਿਹੇ ਸਮੇਂ ਪੰਜਾਬੀ ਜਗਤ ਵਿੱਚ ਪ੍ਰਵੇਸ਼ ਕੀਤਾ ਜਦੋਂ ਇਨਕਲਾਬੀ ਲਹਿਰ ਪੂਰੇ ਜੋਰਾਂ ਤੇ ਸੀ ਪਰ ਪੂਰਨ ਸਿੰਘ 'ਤੇ ਉਸ ਸਮੇਂ ਦੇਸ਼ ਭਗਤੀ ਅਤੇ ਰਾਸ਼ਟਰੀ ਪ੍ਰੇਮ ਵਾਲੀ ਭਾਵਨਾ ਕਿਤੇ ਵੀ ਦਿਖਾਈ ਨਹੀ ਸੀ ਦਿੰਦੀ ਬਲਕਿ ਉਸ ਦਾ ਵਿਅਕਤਿਤਵ ਰਾਸ਼ਟਰੀ ਸੰਸਕ੍ਰਿਤੀ ਅਤੇ ਭਾਰਤ ਵਾਸੀਆਂ ਪ੍ਰਤੀ ਪਿਆਰ ਭਾਵਨਾ ਦੀ ਚਿਣਗ ਨਾਲ ਉਤਪ੍ਰੋਤ ਸੀ। ਪ੍ਰੋ: ਪੂਰਨ ਸਿੰਘ ਦਾ ਬਚਪਨ ਤੋਂ ਹੀ ਅਣਵੰਡੇ ਪੰਜਾਬ ਵਿੱਚ ਜਨਮੇ ਹੋਣ ਕਰਕੇ ਉਸ ਦਾ ਪੰਜਾਬ ਨਾਲ ਅੰਤਾਂ ਦਾ ਸਨੇਹ ਸੀ ਜਿਸ ਦਾ ਜਿਕਰ ਸਵੈ-ਜੀਵਨੀ ਵਿੱਚ ਇਸ ਤਰ੍ਹਾਂ ਕੀਤਾ ਹੈ:-

*"ਮੇਰਾ ਜਨਮ ਉਸ ਭੂ-ਖੰਡ ਵਿੱਚ ਹੋਇਆ ਜਿਥੇ ਪੂਰਬ ਅਤੇ ਪੱਛਮ ਦੀ ਮਨੁੱਖਤਾ ਮਿਲ ਕੇ ਪ੍ਰੇਮ ਦੀ ਨਵੀਂ ਮਧੁਰ ਸਭਿਅਤਾ ਵਿੱਚ ਬੱਝ ਜਾਂਦੀ ਹੈ .. ਤੇ ਇਥੇ ਇਸ ਥਾਂ ਉੱਤੇ ਮੈਂ ਅਜੇ ਵੀ ਸੋਚਦਾ ਹਾਂ ਕਿ ਪੂਰਬ ਪੂਰਬ ਨਹੀ ਰਹਿੰਦਾ, ਪੱਛਮ ਪੱਛਮ ਨਹੀਂ ਰਹਿੰਦਾ ਤੇ ਦੋਵੇਂ ਇੱਕ ਨਿਰਵੈਰ ਮਨੁੱਖਤਾ ਵਿੱਚ ਇਕਮਿਕ ਹੋ ਜਾਂਦੇ ਹਨ"।* [1]

ਉਸਨੇ ਪੰਜਾਬੀ ਜਗਤ ਨੂੰ ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ, ਖੁਲ੍ਹੇ ਅਸਮਾਨੀ ਰੰਗ ਅਤੇ ਖੁਲ੍ਹੇ ਲੇਖ ਤੋਂ ਇਲਾਵਾ ਕਈ ਅਨੁਵਾਦਿਤ ਰਚਨਾਵਾਂ ਜਿਵੇਂ 'ਮੋਇਆਂ ਦੀ ਜਾਗ (ਟਾਲਸਟਾਇ ਦੇ Resurrection ਦਾ ਅਨੁਵਾਦ), ਐਮਰਸਨ (ਅਬਚਲੀ ਜੋਤ), ਕਾਰਲਾਇਲ ਦੇ (Hero and Hero Worship ਦਾ ਅਨੁਵਾਦ) ਕਲਾਧਾਰੀ ਤੇ ਕਲਾਧਾਰੀ ਪੂਜਾ,ਜਾਪਾਨੀ ਨਾਟਕਾਂ ਦਾ ਅਨੁਵਾਦ ਬੌਣੇ ਬੂਟੇ,ਜੈ ਦੇਵ , ਭਰਥਰੀ ਹਰੀ ਆਦਿ ਵਿਦਵਾਨਾਂ ਦੀਆਂ ਰਚਨਾਵਾਂ ਦੇ


Received: 10 August 2025 Accepted: 28 August 2025 Published: 05 September 2025

ਅਨੁਵਾਦ ਅਤੇ ਕਈ ਟਰੈਕਟ, ਫੁੱਟਕਲ ਲੇਖ ਤੇ ਪੁਸਤਕਾਂ ਦੇ ਮੁੱਖ-ਬੰਦ ਵੀ ਲਿਖੇ। ਉਹਨਾਂ ਦੀਆਂ 21 ਦੇ ਕਰੀਬ ਅੰਗਰੇਜ਼ੀ ਵਿੱਚ ਰਚਨਾਵਾਂ ਅਤੇ 6 ਦੇ ਕਰੀਬ ਹਿੰਦੀ ਵਿੱਚ ਲੇਖ ਹਨ। ਪੂਰਨ ਸਿੰਘ ਨੂੰ ਆਪਣੀ ਵਿਰਾਸਤ ਵਿੱਚੋਂ ਗੁਰਬਾਣੀ ਅਤੇ ਗੁਰੂ ਇਤਿਹਾਸ ਵਾਲੇ ਗੁਣ ਮਿਲੇ ਸਨ ਪਰ ਪੂਰਨ ਸਿੰਘ ਨੇ ਇਸਨੂੰ ਆਤਮਿਕ ਰੂਪ 'ਚ ਗ੍ਰਹਿਣ ਕੀਤਾ। ਜਦੋਂ ਪੂਰਨ ਸਿੰਘ ਆਪਣੇ ਸ਼ੁਰੂਆਤੀ ਦੌਰ ਵਿੱਚ ਜਪਾਨ ਗਏ ਜਿਥੇ ਉਹਨਾਂ ਨੇ ਉਚੇਰੀ ਵਿਦਿਆ ਹਾਸਿਲ ਕਰਨੀ ਸੀ। ਉਥੇ ਉਹਨਾਂ ਦਾ ਮੇਲ ਸਵਾਮੀ ਰਾਮ ਤੀਰਥ ਬੋਧੀ ਨਾਲ ਹੋਇਆ ਜਿਸਨੇ ਉਸਨੂੰ ਵੇਦਾਂਤੀ ਬਣਾ ਦਿੱਤਾ। ਆਪਣੇ ਦਸ ਸਾਲਾਂ ਦੇ ਸਮੇਂ ਤੋ ਬਾਦ ਜਦੋਂ ਉਹ ਪੰਜਾਬ ਆਏ ਤਾਂ ਭਾਈ ਵੀਰ ਸਿੰਘ ਦੇ ਮੇਲ ਨੇ ਪੂਰਨ ਸਿੰਘ ਅੰਦਰ ਗੁਰਬਾਣੀ ਦੀ ਅਧਿਆਤਮਕ ਜੋਤ ਜਗਾਈ ਅਤੇ ਸਿੱਖ ਮੱਤ ਲਈ ਦ੍ਰਿੜ ਕੀਤਾ। ਡਾ: ਰਤਨ ਸਿੰਘ ਜੱਗੀ ਖੋਜ ਪਤ੍ਰਿਕਾ ਵਿੱਚ ਪ੍ਰੋ. ਪੂਰਨ ਸਿੰਘ ਬਾਰੇ ਲਿਖਦੇ ਹਨ:-

*"ਮੁੱਢਲੇ ਜੀਵਨ-ਕਾਲ ਵਿੱਚ ਸਿੱਖ ਹੋਣ ਦੇ ਬਾਵਜੂਦ ਉਸ ਨੇ ਬਾਹਰਲੇ ਪ੍ਰਭਾਵ ਅਧੀਨ ਸਿਖੀ ਤੋਂ ਮੂੰਹ ਮੋੜ ਲਿਆ। ਉਦੋਂ ਤੱਕ ਉਹ ਰਸਮੀ ਤੌਰ 'ਤੇ ਸਿਖ ਸੀ, ਸਿੱਖੀ ਦੀ ਵਾਸਤਵਿਕ ਭਾਵ-ਵਿਭੂਤੀ ਤੋਂ ਉਹ ਪੂਰੀ ਤਰ੍ਹਾਂ ਸਾਰੋਬਾਰ ਨਹੀਂ ਸੀ। ਬਾਹਰੋਂ ਵਾਪਸ ਆਉਣ ਤੋਂ ਕੁਝ ਸਮੇਂ ਬਾਦ ਪੂਰਨ ਸਿੰਘ ਨੇ ਗੁਰਮਤਿ ਰਹੱਸਵਾਦ ਦੇ ਵਾਸਤਵਿਕ ਭੇਦ ਨੂੰ ਸਮਝਿਆ ਅਤੇ ਉਸ ਤੋਂ ਇਸ ਸੀਮਾ ਤੱਕ ਪ੍ਰਭਾਵਿਤ ਹੋਇਆ ਕਿ ਫਿਰ ਉਸ ਸਰਬਤ੍ਰ ਜੜ-ਚੇਤਨ ਗੁਰੂ ਮਈ ਨਜ਼ਰ ਆਇਆ। ਸਾਰੇ ਚਿੰਤਨ, ਸਾਰੀਆਂ ਸਾਧਨਾਵਾਂ, ਸਾਰੇ ਦਰਸ਼ਨ ਗੁਰਮਤਿ ਵਿੱਚ ਨਿਮਗਨ ਹੋਏ ਨਜ਼ਰ ਆਏ।"*[2]

ਇਸ ਤਰ੍ਹਾਂ ਪੂਰਨ ਸਿੰਘ ਦੀ ਆਦਰਸ਼ਮਈ ਸੋਚ ਨੇ ਉਸਨੂੰ ਹਲੂਣਿਆ ਅਤੇ ਉਸਦੇ ਆਦਰਸ਼ਮਈ ਸੁਪਨਿਆਂ ਨੇ ਉਸ ਦੀ ਅੰਦਰੂਨੀ ਜੋਤ ਜਗਾ ਕੇ ਉਸ ਦੀ ਸ਼ਖ਼ਸੀਅਤ ਨੂੰ ਲਿਖਣ ਵਾਲੇ ਪਾਸੇ ਤੋਰਿਆ। ਉਸ ਦੀ ਕਲਮ, ਨਦੀ ਦੇ ਵਹਾਅ ਦੀ ਤਰ੍ਹਾਂ ਨਾ ਰੁਕਣ ਵਾਲੀ ਸੀ। ਉਸ ਦੀ ਪਹੁੰਚ 'ਚ ਰੱਬੀ ਕਰਾਮਾਤ ਹੈ ਜੋ ਉਸ ਨੂੰ ਇਸ ਪਾਸੇ ਵੱਲ ਤੋਰਦੀ ਰਹੀ। ਉਸ ਦੀਆਂ ਅੰਗਰੇਜ਼ੀ ਵਿੱਚ ਅਜਿਹੀਆਂ ਪ੍ਰਤੀਕਾਤਮਕ ਰਚਨਾਵਾਂ ਹਨ ਜਿਸ ਵਿੱਚ ਪ੍ਰੋ. ਪੂਰਨ ਸਿੰਘ ਨੇ ਗੁਰੂਆਂ ਦੇ ਆਦਰਸ਼ ਨੂੰ ਮੁੱਖ ਰੱਖਦੇ ਹੋਏ ਕਿਹਾ ਹੈ:-

*"I am as the Guru says, the legion. I refuse to be only one flower like the Brahman intellectual. I aspire to be the Spring. My own salvation is not what I desire. Let all be saved.".*[3]

ਕਵੀ ਦੇ ਮੌਖਿਕ ਬੋਲਾਂ ਦਾ ਜਾਂ ਫਿਰ ਖਾਮੋਸ਼ੀ ਰੂਪ ਵਿੱਚ ਗੁਰੂਆਂ ਦੀ ਬਾਣੀ ਦਾ ਦੂਜਿਆਂ ਤੱਕ ਸੰਚਾਰ ਕਰਕੇ ਮਨੁੱਖ ਨੂੰ ਆਦਰਸ਼ਵਾਦੀ ਬਣਾਉਣਾ ਸੀ। ਉਸ ਦਾ ਤੀਖਣ ਪ੍ਰਭਾਵ ਹੀ ਕਵਿਤਾ ਵਿੱਚ ਸੁਹਜਾਤਮਕ ਆਨੰਦ ਦੀ ਪ੍ਰਾਪਤੀ ਕਰਦਾ ਹੈ। ਉਹ ਦੈਵੀ ਪ੍ਰੇਰਨਾ ਸ਼ਕਤੀ ਪ੍ਰਾਪਤ ਕਰਕੇ ਹੀ ਕਵਿਤਾ ਨੂੰ ਸਿਰਜਣ ਦੇ ਸਮਰੱਥ ਬਣਾਉਂਦਾ ਹੈ।

ਪ੍ਰੋ. ਪੂਰਨ ਸਿੰਘ ਦੀਆਂ ਕਾਵਿ-ਰਚਨਾਵਾਂ- ਖੁਲ੍ਹੇ ਘੁੰਡ, ਖੁਲ੍ਹੇ ਮੈਦਾਨ, ਖੁਲ੍ਹੇ ਅਸਮਾਨੀ ਰੰਗ ਦੇ ਆਧਾਰ ਤੇ ਵਿਭਿੰਨ ਸਰੋਕਾਰਾਂ 'ਚੋਂ ਪ੍ਰਮੁੱਖ ਹਨ:-ਗੁਰਮਤਿ-ਰਹੱਸਵਾਦੀ ,ਪਿਆਰ, ਰੁਮਾਂਸਵਾਦ, ਇਸਤਰੀ ਪ੍ਰਤੀ ਦ੍ਰਿਸ਼ਟੀਕੋਣ, ਕਿਰਤੀ, ਪੰਜਾਬ-ਪਿਆਰ, ਸੈਲਾਨੀ ਛੰਦ। ਪੂਰਨ ਸਿਘ ਉੱਤੇ ਪੱਛਮੀ ਸਾਹਿਤਕਾਰਾਂ ਦਾ ਪ੍ਰਭਾਵ ਹੋਣ ਦੇ ਬਾਵਜੂਦ ਆਪਣੀ ਰਹੱਸਵਾਦੀ ਪਰੰਪਰਾ ਨਾਲ ਪੂਰੀ ਤਰ੍ਹਾਂ ਜੁੜਿਆ ਹੋਣ ਕਰਕੇ ਉਸ ਵਿੱਚ ਭਾਈ ਵੀਰ ਸਿੰਘ ਦੀ ਅਧਿਆਤਮਕ ਰੰਗਤ ਸਹਿਜੇ ਹੀ ਝਲਕਦੀ ਹੈ। ਉਹ ਸਾਰੇ ਬ੍ਰਹਿਮੰਡ ਨੂੰ ਕਰਤਾਰ (ਪ੍ਰਮਾਤਮਾ) ਦੀ ਸਿਰਜਣਾ ਮੰਨਦਾ ਹੈ ਅਤੇ ਪ੍ਰਕ੍ਰਿਤੀ ਦੇ ਰਹੱਸਾਤਮਕ ਆਨੰਦ ਦੀ ਪ੍ਰਾਪਤੀ ਲਈ ਉਹ ਫੋਕੇ ਧਰਮ ਕਾਂਡਾ ਤੋਂ ਮੁਕਤ ਹੋ ਕੇ ਆਪਣੇ ਕਰਤਾਰ ਨੂੰ ਕਹਿੰਦਾ ਹੈ:-

*ਆਵੀਂ ਤੂੰ ਰੱਬਾ ਮੇਰਿਆ,*
*ਤੇ ਸੱਟੀ ਪਰੇ ਮੇਰੇ ਹੱਥ ਵਿਚੋਂ ਖੋਹ ਕੇ*
*ਇਹ ਘੰਟੀਆਂ ਟੱਲੀਆਂ,*
*ਜਿਹੜੀਆਂ ਮੈਂ ਹੱਥ ਵਿਚ ਫੜੀਆਂ ਤੇਰੀ ਪੂਜਾ ਲਈ* [4]

ਇਸ ਤਰ੍ਹਾਂ ਪੂਰਨ ਸਿੰਘ ਆਪਣੇ ਰਹੱਸਵਾਦੀ ਅਨੁਭਵ ਦਾ ਆਧਾਰ ਰੱਬ ਦੀ ਸਿਰਜਣਾ ਸ਼ਕਤੀ ਨੂੰ ਮੰਨਦਾ ਹੋਇਆ ਆਪਣੀ ਸੁਰਤਿ ਉਸੇ ਨਾਲ ਜੋੜਦਾ ਹੋਇਆ ਮਨੁੱਖੀ ਸਮਾਜ ਨੂੰ ਵੀ ਉਸ ਪਾਸੇ ਵੱਲ ਤੁਰਨ ਲਈ ਸੁਚੇਤ ਕਰਦਾ ਹੋਇਆ ਮਨੁੱਖੀ ਮਨਾਂ ਵਿੱਚ ਆਤਮਿਕ ਸੋਝੀ ਪ੍ਰਦਾਨ ਕਰਕੇ ਆਦਰਸ਼ਮਈ ਸੋਚ ਧਾਰਨ ਕਰਨ ਲਈ ਪ੍ਰੇਰਿਤ ਕਰਦਾ ਹੈ। ਉਹ ਆਪਣੀ ਕਲਮ ਰੂਪੀ ਲਿਖਤ ਨੂੰ ਕਰਤਾਰੇ ਦੀ ਕਲਮ ਕਹਿੰਦਾ ਹੈ:-

*ਕਲਮ ਅਗੱਮ ਦੀ ਲਿਖੀ ਲਿਖੀ ਰੇਖ ਮੈਂ, ਹੁਣ ਕੌਣ*
*ਮੇਟਸੀ ਕਿਰਨ ਵਾਂਗੂੰ ਕੰਬਦੀ, ਵਾਹੀ ਵਾਂਗ ਤੀਰ ਮੈਂ*
*..........*
*ਮੁੱਕਦੀ ਨਾਂਹ,ਥੱਕਦੀ ਨਾਂਹ, ਮੈਂ ਕਰਤਾਰ ਦੀ ਕਰਤਾਰਤਾ!!* [5]

ਉਸ ਨੇ ਆਪਣੀਆਂ ਕਵਿਤਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਕੀਤੇ ਪਿਆਰ ਨੂੰ ਭਾਵੇਂ ਉਹ ਰੱਬੀ ਪਿਆਰ ਹੋਵੇ, ਕੁਦਰਤੀ ਪਿਆਰ ਹੋਵੇ, ਮਨੁੱਖਤਾ ਨਾਲ

ਕੀਤਾ ਪਿਆਰ ਹੋਵੇ, ਜਾਂ ਫਿਰ ਦੂਜਿਆਂ ਦੇ ਦੁੱਖ ਵੰਡਾਉਣ ਲਈ ਕੀਤਾ ਗਿਆ ਪਿਆਰ ਹੋਵੇ। ਉਸ ਨੇ ਆਪਣੀ ਕਵਿਤਾਵਾਂ ਵਿੱਚ ਪਿਆਰ ਨੂੰ ਉੱਚਾ ਦਰਜਾ ਦਿੱਤਾ ਹੈ। ਪੂਰਨ ਸਿੰਘ ਪਿਆਰ ਨੂੰ ਰੱਬੀ ਰੂਪ ਕਹਿੰਦਾ ਹੈ ਜੋ ਉਸਦੀ ਕਵਿਤਾ ਦਾ ਕੇਂਦਰੀ ਧੁਰਾ ਹੈ।

ਪੂਰਨ ਸਿੰਘ ਦਾ ਸਿਧਾਂਤਕ ਆਧਾਰ ਰੁਮਾਂਸਵਾਦ ਹੈ। ਉਸ ਦੀਆਂ ਕਾਵਿ ਰਚਨਾਵਾਂ ਵਿੱਚ ਰੋਮਾਂਚਕਤਾ ਉਦੋਂ ਝਲਕਦੀ ਹੈ ਜਦੋਂ ਉਹ ਪੁਰਾਤਨ ਪੰਜਾਬ ਦੇ ਪ੍ਰੀਤ ਜੋੜਿਆਂ ਹੀਰ-ਰਾਂਝੇ ਪ੍ਰਤੀ ਅਪੱਣਤ ਦਿਖਾਉਂਦਾ ਹੋਇਆ ਅਤੇ ਪੰਜਾਬੀਆਂ ਨੂੰ ਰਾਂਝੇ ਦੇ ਨਿੱਕੇ ਵੱਡੇ ਭਰਾ ਮੰਨਦਾ ਹੋਇਆ ਆਪਣੇ ਵਲਵਲੇ ਰੂਪੀ ਭਾਵਾਂ ਦਾ ਪ੍ਰਗਟਾਵਾ ਕਰਦਾ ਹੋਇਆ ਕਹਿੰਦਾ ਹੈ:-

*ਆ-ਵੀਰਾ ਰਾਂਝਿਆ!,ਆ-ਭੈਣ ਹੀਰੇ*
*ਸਾਨੂੰ ਛੋੜ ਨ ਜਾਵੋ ,ਅਸਾਂ ਤੁਸਾਂ ਬਿਨ ਸਖਣੇ* [6]

ਏਥੇ ਹੀ ਬੱਸ ਨਹੀਂ ਉਸਨੇ ਸੱਸੀ-ਪੁੰਨੂੰ ਸੋਹਣੀ-ਮਹੀਵਾਲ ਵਰਗੇ ਪ੍ਰੀਤ-ਜੋੜਿਆਂ ਦੀਆਂ ਲੋਕ ਕਥਾਵਾਂ ਦੀ ਪੁਨਰ ਸਿਰਜਣਾ ਕਰਕੇ ਉਹਨਾਂ ਨੂੰ ਸਮਾਜ ਵਿੱਚ ਮੱਹਤਵਪੂਰਨ ਸਥਾਨ ਦਿੱਤਾ। ਉਸਨੇ ਕਾਦਰਯਾਰ ਦਾ ਕਿੱਸਾ-ਪੂਰਨ ਭਗਤ ਦੀ ਪੁਨਰ ਸਿਰਜਨਾ ਆਪਣੀ ਕਾਵਿ ਰਚਨਾ ਖੁੱਲੇ ਮੈਦਾਨ ਵਿੱਚ ਪੂਰਨ ਨਾਥ ਜੋਗੀ ਪ੍ਰਤੀ ਸੰਵੇਦਨਾ ਪ੍ਰਗਟਾਉਂਦਾ ਹੋਇਆਂ ਰਾਣੀ ਇੱਛਰਾਂ ਕੋਲੋਂ ਆਪਣੇ ਹੀ ਜ਼ਾਲਮ ਪਤੀ ਸਲਵਾਨ ਵਿਰੁੱਧ ਜ਼ੁਲਮ ਦੀ ਆਵਾਜ਼ ਅਤੇ ਲੂਣਾਂ ਦੇ ਕਪਟੀ ਚੱਰਿਤਰ ਨੂੰ ਇਸ ਤਰ੍ਹਾਂ ਉਘਾੜਦੇ ਹੋਏ ਨਵੇਂ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ:-

*ਅੰਦਰ ਦੀ ਜੋਤ ਬੁਝੀ ਹੋਈ ਲੂਣਾਂ ਦੀ*
*ਮਿੱਟੀ ਦਾ ਕੀੜਾ, ਰੂਹ ਸੈਲ ਪੱਥਰ ਹੋਇਆ ਹੋਇਆ*
*ਇੰਨੀ ਆਪ-ਮੁਹਾਰੀ, ਖ਼ੁਦਗਰਜ਼, ਮਾਂ ਹੋਣ ਦੀ ਚਾਹ,ਕਦੀ*
*ਉਨੂੰ ਉਠ ਨਹੀਂ ਸਕਦੀ* [7]

ਪੂਰਨ ਸਿੰਘ ਪ੍ਰਕ੍ਰਿਤੀ ਦੇ ਰੰਗ ਵਿੱਚ ਰੰਗਿਆ ਹੋਣ ਕਰਕੇ ਉਸ ਪ੍ਰਤੀ ਅੰਤਾਂ ਦਾ ਮੋਹ ਹੈ। ਉਹ ਪ੍ਰਕ੍ਰਿਤੀ ਦੀ ਗੋਦ ਦਾ ਆਨੰਦ ਮਾਣਦੇ ਹੋਏ ਨਿਸੰਗ ਹੋ ਕੇ ਆਪ ਮੁਹਾਰੇ ਆਪਣੇ ਅਨੁਭਵ ਦਾ ਪ੍ਰਗਟਾਵਾ ਕਰਦਾ ਕਹਿੰਦਾ ਹੈ:-

*ਦਰਿਆ ਕਿਨਾਰੇ ਰੇਤਾਂ ਚਿੱਟੀਆਂ ਵਿਚ ਲਿਟਣਾ*
*ਨੰਗੇ ਹੋ ਧੁੱਪਾਂ ਵਿਚ ਲੇਟਣਾ*[8]

ਪੂਰਨ ਸਿੰਘ ਦੀ ਆਪ ਮੁਹਾਰਤਾ ਵਾਲੀ ਸੁੰਦਰਤਾ ਉਸਨੂੰ ਕਿਸੇ ਵੀ ਬੰਧਨ ਵਿੱਚ ਨਹੀ ਬੰਧਨ ਦਿੰਦੀ। ਭਾਵੇਂ ਉਹ ਅਨੁਸ਼ਾਸ਼ਨੀ ਹੀ ਕਿਉਂ ਨਾ ਹੋਵੇ। ਜਿਵੇਂ ਉਹ ਦਰਿਆ ਕਿਨਾਰੇ ਕਵਿਤਾ ਵਿੱਚ ਆਪਣੇ ਪ੍ਰਕ੍ਰਿਤੀ ਪ੍ਰਤੀ ਭਾਵਾਂ ਦਾ ਪ੍ਰਗਟਾਵਾ ਇਸ ਤਰ੍ਹਾਂ ਕਰਦਾ ਹੈ:-

*ਨੇਮਾਂ ਵਾਲੀ ਗੱਲ ਨਾ ਕਰਨੀ ਕਾਈ*
*ਧਰਮਾਂ, ਕਰਮਾਂ ਥੀਂ ਨੱਸਣਾ*
*ਅਨੇਮੀ ਰਹਿਣਾ, ਸੋਚ ਸਾਰੀ ਡੋਬਣਾ*
*ਹੱਸਣਾ ਤੇ ਰੋਣਾ, ਤੇ ਚੀਖ਼ਣਾ*
*ਦਰਿਆਵਾਂ ਕਿਨਾਰੇ ਦੌੜਦੇ ਫਿਰਨਾ*
*ਪਾਗਲ ਜਿਹਾ, ਵਹਿਸ਼ੀ ਇਹ ਚਾ ਮੇਰਾ*
*ਆਖੇ ਨਹੀਂ ਲਗਦਾ, ਨੇਮ ਵਿਚ ਨਾ ਗੱਜਦਾ* [9]

ਪ੍ਰੋ: ਪੂਰਨ ਸਿੰਘ ਕੋਲ ਵਲਵਲਿਆਂ ਦੇ ਹੜ੍ਹ ਅਤੇ ਵਿਚਾਰਾਂ ਦੇ ਸੋਮੇ ਹਨ ਜੋ ਉਸਨੂੰ ਇਸ ਪਾਸੇ ਵੱਲ ਤੋਰਦੇ ਹਨ। ਉਸਦਾ ਆਪਮੁਹਾਰਾਪਨ, ਅਲਬੇਲਾਪਨ ਅਤੇ ਭਾਵੁਕਤਾ ਉਸਦੇ ਅੰਤਰਮਨ ਵਿੱਚ ਵਿਦਮਾਨ ਹਨ। ਪ੍ਰੋ: ਪੂਰਨ ਸਿੰਘ ਕਿਰਤ ਕਰਨ ਵਾਲਿਆਂ ਦੇ ਜੀਵਨ ਨੂੰ ਸਭ ਤੋਂ ਵੱਧ ਉੱਤਮ ਜੀਵਨ ਜਾਚ ਦੱਸਦਾ ਹੈ ਅਤੇ ਉਹਨਾਂ ਵਿਚੋਂ ਕਾਦਰ ਦੀ ਝਲਕ ਵੇਖਦਾ ਹੋਇਆ ਦਰਸਾਉਂਦਾ ਹੈ:-

*ਘਾਹਾਂ ਤੇ, ਫੁੱਲਾਂ ਤੇ, ਤ੍ਰੇਲ ਮਣੀਆਂ ਸਜਾਉਂਦਾ*
*ਫੱਟੇ ਫੁੱਲਾਂ ਤੇ ਪਾਵਾਂ ਤ੍ਰੇਲ ਦੀਆਂ ਡਲੀਆਂ*
*ਝੋਲ ਬਾਗਾਂ ਦੀਆਂ ਮਣੀਆਂ ਦੇ ਭਾਰ ਨਾਲ ਤੋੜਦਾ*
*ਇਹ ਖੁੱਲ੍ਹ ਜਿਹੀ ਮੇਰੀ ਹੁੱਬ ਦੀਆਂ ਘੜੀਆਂ*
*ਗੋਦਾਂ ਤੋੜ ਤੋੜ ਸਾਰੀਆਂ ਮੈਂ ਮੌਜਾ ਮਾਣਦਾ* [10]

ਪੂਰਨ ਸਿੰਘ ਦੀਆਂ ਕਵਿਤਾਵਾਂ ਵਿੱਚ ਪੰਜਾਬ ਪਿਆਰ ਠਾਠਾਂ ਮਾਰਦਾ ਹੈ ਭਾਵੇਂ ਉਸਨੇ ਸਾਰਾ ਹਿੰਦੁਸਤਾਨ ਘੁੰਮਿਆ ਪਰ ਜੋ ਪਿਆਰ ਉਸਨੇ ਪੰਜਾਬ ਵਿੱਚ ਦੇਖਿਆ ਹੋਰ ਕਿਤੇ ਵੀ ਨਹੀਂ। ਜਿਸ ਦਾ ਜਿਕਰ ਵੀ ਉਸਨੇ ਆਪਣੀ ਕਵਿਤਾ ਵਿੱਚ ਇਸ ਤਰ੍ਹਾਂ ਕੀਤਾ ਹੈ:-

*ਓਏ ਮੈਂ ਤੱਕਿਆ ਸਾਰਾ ਜਹਾਨ ਵੇ*
*ਦੇਖਦਾ ਮੈਂ ਫਿਰਿਆ ਸੁਹਣੱਪ, ਮਿੱਠਤ ਤੇ ਮਿਲਾਪ ਸਾਰਾ*
*ਪਰ ਕਿਧਰੇ ਨਹੀਂ ਤੱਕੀ ਮੈਂ*
*ਇਹ ਨਿਮਾਣੀ ਜਿਹੀ ਅਹੀਰਣ ਪੰਜਾਬ ਦੀ*[11]

ਉਸ ਨੇ ਪੰਜਾਬੀਅਤ ਦੀ ਖਿੱਚ ਨੂੰ ਬੜੀ ਹੀ ਖੂਬਸੂਰਤੀ ਨਾਲ ਆਪਣੀਆਂ ਰਚਨਾਵਾਂ ਵਿੱਚ ਪੇਸ਼ ਕੀਤਾ ਹੈ। ਉਸ ਨੇ ਆਪਣੀਆਂ ਰਚਨਾਵਾਂ ਵਿੱਚ ਪੰਜਾਬ

ਦੀ ਰੂਹ ਨੂੰ ਬੜੀ ਬੇਬਾਕੀ ਨਾਲ ਚਿਤਰਦੇ ਹੋਏ ਪੁਰਾਣੇ ਸੱਭਿਆਚਾਰ ਦੀ ਤਸਵੀਰ ਨੂੰ ਪੇਸ਼ ਕਰਨ ਵਿੱਚ ਕੋਈ ਵੀ ਕਮੀ ਨਹੀਂ ਛੱਡੀ। ਉਸ ਨੇ ਸੁਆਣੀਆਂ ਦੀ ਕਿਰਤ, ਕੁਮਿਹਾਰ ਅਤੇ ਕੁਮਿਹਾਰੀ ਦੀ ਵਿਰਾਮ ਅਵਸਥਾ ਵਿੱਚ ਨਵੇਂ-ਨਵੇਂ ਭਾਡਿਆਂ ਦੀ ਘਾੜਤ, ਜੋ ਉਹਨਾਂ ਦੇ ਕਲਾ ਦੇ ਹੁਨਰ ਨੂੰ ਜਗਾਉਂਦੇ ਹਨ ਅਤੇ ਦੂਜੇ ਪਾਸੇ ਪਿੱਪਲ ਦਰਖ਼ਤ ਦੇ ਹੇਠ ਵਿਹਲੇ ਸਾਧੂ ਜੋ ਸਮਾਧੀ ਲਾ ਕੇ ਬੈਠਦੇ ਹਨ। ਉਹਨਾਂ ਦੀ ਤੁਲਨਾ ਕੁਮਿਹਾਰ ਅਤੇ ਕੁਮਿਹਾਰੀ ਨਾਲ ਕਰਦੇ ਹੋਏ ਕਹਿੰਦੇ ਹਨ:-

*ਕੁਮਿਹਾਰ ਕਿਸੀ ਰੰਗ ਵਿੱਚ ਜੁੜਿਆ*
*ਬੈਠਾ ਇਕ ਸਮਾਧੀ ਵਿਚ*
*ਤੇ ਸਮਾਧੀ ਮਨੂਰ ਦੀ ਰੂਪ ਪਈ ਪੈਦਾ ਕਰਦੀ*
*ਮੈਨੂੰ ਭੁਲ੍ਹਦੇ ਨੂੰ ਵੇਖਕੇ, ਕੁਮਿਹਾਰਨ, ਸੋਹਣੀ ਪਈ ਹੱਸ ਪਈ*
*ਉਨੂੰ ਦੇਖ ਮੇਰੇ ਉਹ ਕੁਮਿਹਾਰ ਯਾਦ ਆਇਆ*
*ਜਿੱਸ ਇਹ ਹੱਸਦਾ ਬਰਤਨ ਬਣਾਇਆ*[12]

ਜਿਥੇ ਪੂਰਨ ਸਿੰਘ ਨੇ ਕੁਮਿਹਾਰ ਤੇ ਕੁਮਿਹਾਰਨ ਅਤੇ ਵਿਹਲੇ ਕੁਮਿਹਾਰ ਦਾ ਸਮਾਧੀ ਰੂਪ ਵਿੱਚ ਬੈਠਣ ਦੇ ਦ੍ਰਿਸ਼ ਨੂੰ ਪੇਸ਼ ਕੀਤਾ ਹੈ। ਉਥੇ ਉਸਨੇ ਪੰਜਾਬ ਦੇ ਮਜ਼ਦੂਰਾਂ ਦੀ ਗਰੀਬੀ ਅਤੇ ਉਹਨਾਂ ਦੇ ਵੱਡੇ ਸੰਤੋਖ ਦੀ ਗੱਲ ਕਰਦਾ ਹੋਇਆ ਖੇਤਾਂ ਵਿੱਚ ਹੱਲ ਵਾਹੁੰਦੇ ਕਿਸਾਨ ਚੰਗੇ ਲੱਗਦੇ ਹਨ। ਘਰ ਵਿੱਚ ਬੈਠੀ ਔਰਤ ਆਪਣੇ ਨਿੱਤ ਦੇ ਕਾਰ ਵਿਹਾਰ ਵਿੱਚ ਰੁੱਝੀ ਰਹਿੰਦੀ, ਹਵੇਲੀ ਵਿੱਚ ਮੱਝਾਂ, ਗਊਆਂ ਚੋਂਦੀ, ਘਰ ਅਤੇ ਪਰਿਵਾਰ ਨੂੰ ਸੰਭਾਲਦੀ, ਸ਼ਾਮ ਨੂੰ ਪਤੀ ਦੀ ਉਡੀਕ ਕਰਦੀ, ਘਰ ਦੇ ਕੰਮ-ਕਾਜ ਤੋਂ ਵਿਹਲੀ ਹੋ ਕੇ ਪਾਠ ਕਰਦੀ ਅਤੇ ਪਾਟੇ ਹੋਏ ਕੱਪੜਿਆਂ ਵਿੱਚ ਤਾਂ ਅਹੀਰਨ ਗੋਹੇ ਥੱਪਦੀ ਹੋਰ ਵੀ ਚੰਗੀ ਲੱਗਦੀ ਹੈ ਜੋ ਉਸ ਦੇ ਮਨ ਨੂੰ ਮੋਹ ਲੈਂਦੀ ਹੈ। ਪੂਰਨ ਸਿੰਘ ਹੱਥੀਂ ਕਿਰਤ ਕਰਨ ਵਾਲਿਆਂ ਨੂੰ ਦਿਲੋਂ ਸਤਿਕਾਰ ਕਰਦਾ ਹੋਇਆ ਬਾਬੇ ਨਾਨਕ ਦੀ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ ਵਾਲੀ ਕਿਰਤ ਕਹਿੰਦਾ ਹੈ। ਇਸ ਤੋਂ ਇਲਾਵਾ ਮਜ਼ਦੂਰਾਂ ਦੀ ਸਾਦਗੀ, ਉਨ੍ਹਾਂ ਦੇ ਛੋਟੇ-ਛੋਟੇ ਖਿਆਲ, ਸਬਰ-ਸੰਤੋਖ ਸਾਦੇ ਚਿਹਰੇ ਸਭ ਕਿਰਤੀਆਂ ਦੇ ਸੁਭਾਅ ਦੀ ਉਪਜ ਹਨ। ਉਹ ਪੰਜਾਬ ਦੇ ਹੱਲ ਵਾਹੁਣ ਵਾਲੇ ਕਿਰਤੀ ਕਿਸਾਨਾਂ ਤੇ ਮਜ਼ਦੂਰਾਂ ਤੇ ਮਾਣ ਮਹਿਸੂਸ ਕਰਦਾ ਹੋਇਆ ਕਹਿੰਦਾ ਹੈ। ਇੱਥੇ ਹੀ ਬਸ ਨਹੀਂ ਉਹ ਮਜ਼ਦੂਰਾਂ ਦੀ ਸਾਦਗੀ ਤੇ ਵੀ ਮਾਣ ਮਹਿਸੂਸ ਕਰਦਾ ਹੋਇਆ ਕਹਿੰਦਾ ਹੈ:-

*ਉਏ ਮਜ਼ੂਰ ਚੰਗੇ ਲੱਗਦੇ!*
*ਨਿੱਕੇ ਨਿੱਕੇ ਖਿਆਲ ਇਨ੍ਹਾਂ ਦੇ*
*ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ*
*ਸਾਦੇ ਸਾਦੇ ਚਿਹਰੇ ਬੇਨਿਕਾਬ ਜਿਹੇ*
*ਨਾ ਛੁਪਦੇ ਨਾ ਛੁਪਾਂਦੇ ਕੁਛ ਆਪਣਾ*[13]

ਉਸ ਨੇ ਕੰਮ-ਕਾਜ ਵਿੱਚ ਰੁੱਝੀ ਅਹੀਰਨ ਦੀ ਵੀ ਗੱਲ ਕੀਤੀ ਹੈ ਜੋ ਆਪਣੇ ਬੱਚਿਆਂ ਦੀ ਖੁਸ਼ੀ ਲਈ ਸਾਰਾ ਦਿਨ ਗੋਹੇ ਥੱਪਦੀ ਹੈ:-

*ਮਜ਼ੂਰਨ ਉਹ ਕਿਸੀ ਅਣਡਿੱਠੇ ਪਿਆਰ ਦੀ, ਮਾਂ ਬਾਲ ਬੱਚਿਆਂ ਦੀ*
*ਬੱਚਿਆਂ ਦੀ ਖ਼ੁਸ਼ੀ ਖ਼ਾਤਰ ਗੋਹੇ ਪਈ ਥੱਪਦੀ*[14]

ਪੂਰਨ ਸਿੰਘ ਨੇ ਪੰਜਾਬ ਦੇ ਕਿਰਤੀ, ਕਿਸਾਨਾਂ, ਮਜ਼ਦੂਰਾਂ ਕਾਮਿਆਂ, ਕੁਮਿਹਾਰਾਂ ਦੀ ਗੱਲ ਕਰਨ ਦੇ ਨਾਲ-ਨਾਲ ਪਿੰਡਾਂ ਦੀਆਂ ਸੁਆਣੀਆਂ ਦੇ ਨਿੱਤ ਕਾਰ-ਵਿਹਾਰ ਦੀ ਜਿੱਥੇ ਗੱਲ ਕੀਤੀ ਹੈ, ਉੱਥੇ ਨਾਲ ਹੀ ਉਸਨੇ ਕੁਦਰਤ ਦੀ ਹਰ ਵਸਤ ਧਰਤੀ, ਪੌਣ-ਪਾਣੀ, ਪੰਜਾਬੀ ਸੱਭਿਆਚਾਰ, ਗੱਲ ਕੀ ਪ੍ਰਕ੍ਰਿਤੀ ਦੀ ਰਸ-ਭਿੰਨੀ ਗੋਦ ਦਾ ਆਨੰਦ ਮਾਣਿਆ ਹੈ। ਆਪਣੇ ਪੁਰਾਤਨ ਪੰਜਾਬੀ ਸੱਭਿਆਚਾਰ ਪ੍ਰਤੀ ਉਸਦਾ ਅੰਤਾਂ ਦਾ ਮੋਹ ਹੋਣ ਕਰਕੇ ਪੰਜਾਬ ਲਈ ਕੂਕਦਾ ਹੋਇਆ ਕਹਿੰਦਾ ਹੈ:-

*ਆ ਪੰਜਾਬ ਤੂੰ ਮੁੜ ਆ! ਖਿੜੇ ਖਿੜੇ ਮੱਥੇ ਆ*
*ਕਰੋੜਾਂ ਪੰਜਾਬ ਆ! ਇਕ ਆ, ਹਜ਼ਾਰ ਆ*[15]

ਪੂਰਨ ਸਿੰਘ ਨੇ ਇਸਤਰੀ ਜਾਤੀ ਪ੍ਰਤੀ ਪੂਰੀ ਤਰ੍ਹਾਂ ਹਮਦਰਦੀ ਪ੍ਰਗਟਾਈ ਹੈ। ਜਿਥੇ ਬਾਬੇ ਨਾਨਕ ਨੇ ਇਸਤਰੀ ਨੂੰ ਸਮਾਜ ਵਿੱਚ ਓu`ਚਾ ਦਰਜਾ ਦਿੰਦੇ ਹੋਏ ਕਿਹਾ ਹੈ:-"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ"। ਉਹ ਇਸਤਰੀ ਜਿਸਨੂੰ ਰਾਜਿਆਂ, ਮਹਾਰਾਜਿਆਂ ਦੀ ਜਨਣੀ ਕਹਿ ਕੇ ਸਤਿਕਾਰਿਆ ਗਿਆ ਹੈ। ਪੂਰਨ ਸਿੰਘ ਨੇ ਉਸ ਇਸਤਰੀ ਜਾਤੀ ਪ੍ਰਤੀ ਪੂਰੀ ਤਰ੍ਹਾਂ ਹਮਦਰਦੀ ਪ੍ਰਗਟਾਉਂਦੇ ਹੋਏ ਉਸ ਦੇ ਸਾਰੇ ਰੂਪ ਮਾਂ,ਭੈਣ ,ਪਤਨੀ, ਰੂਪ ਵਿੱਚ ਧੀ ਜਾਂ ਮੁਟਿਆਰ ਦੇ ਤੋਰ ਤੇ ਪੇਸ਼ ਕਰਦੇ ਹੋਏ ਕਿਹਾ ਹੈ:-

*ਮਾਂ ਹੋਣਾ ਧੀ- ਭੈਣ ਦਾ ਇਕ ਦੈਵੀ ਰਾਜ ਹੈ*
*ਇਹੋ ਦੇਵੀ, ਇਹੋ ਕੰਨਿਆ, ਇਹੋ ਭਵਾਨੀ, ਇਹੋ ਦੁਰਗਾ ,ਇਹੋ ਮਾਂ ਹੈ*[16]

ਇਸ ਤੋਂ ਇਲਾਵਾ ਉਸ ਨੇ ਆਪਣੀਆਂ ਕਾਵਿ ਰਚਨਾਵਾਂ ਵਿੱਚ ਇਸਤਰੀ ਪਾਤਰਾਂ ਨੂੰ ਕਈ ਪੱਖਾਂ ਤੋਂ ਉਘਾੜਨ ਦੀ ਕੋਸ਼ਿਸ਼ ਕੀਤੀ ਹੈ। ਜਿਵੇਂ ਰਾਣੀ ਇੱਛਰਾਂ ਨੂੰ ਮਾਂ ਦੇ ਰੂਪ ਵਿੱਚ, ਲੂਣਾਂ ਨੂੰ ਮਾਂ ਦੇ ਚੰਡਾਲ ਰੂਪ ਵਿੱਚ, ਪਦਮਣੀ ਨੂੰ ਕੁਆਰੀ ਕੰਨਿਆ ਦੇ ਰੂਪ ਵਿੱਚ, ਪ੍ਰੇਮਿਕਾ ਦੇ ਰੂਪ ਪ੍ਰੀਤ ਪਾਤਰਾਂ ਰਾਂਹੀ, ਪਤਨੀ ਦੇ ਰੂਪ

ਵਿੱਚ ਘਰ ਕੀ ਗਹਿਲ ਚੰਗੀ ਦੇ ਰੂਪ ਵਿੱਚ ਅਤੇ ਮਾਂ ਨੂੰ ਇੱਕ ਭਾਰੀ ਚਿਤਰਕਾਰ ਦੇ ਰੂਪ ਵਿੱਚ ਵੀ ਉਘਾੜਿਆ ਹੈ। ਉਸ ਨੇ ਇਸਤਰੀ ਨੂੰ ਆਪਣੀ ਕਲਮ ਰਾਹੀਂ ਫੁੱਲਾਂ ਦੀ ਗੁਲਜ਼ਾਰ ਵਰਗੀ ਖਿੜੀ ਹੋਈ ਹੀਰ ਕਹਿਣਾ, ਹੀਰ ਤੇ ਸੱਸੀ ਦੀ ਪ੍ਰੀਤ ਕਹਾਣੀ, ਵਿਰਲਾਪ ਕਰਦੀ ਰਾਣੀ ਇੱਛਰਾਂ ਦਾ ਰੂਪ ਅਤੇ ਕਾਮ ਵਾਸ਼ਨਾ ਦੀ ਸ਼ਿਕਾਰ ਲੂਣਾ ਦੀ ਮਨੋਵਿਗਿਆਨਕ ਅਵਸਥਾ ਨੂੰ ਵੀ ਉਘਾੜਿਆ ਹੈ। ਪ੍ਰੋ ਪੂਰਨ ਸਿੰਘ ਨੇ ਤਾਂ ਪੰਜਾਬੀਆਂ ਦੇ *ਖੁਲ੍ਹੇ* -ਡੁੱਲ੍ਹੇ ਸੁਭਾਅ ਉਲੀਕਣ ਵਿੱਚ ਵੀ ਕੋਈ ਕਮੀ ਨਹੀਂ ਛੱਡੀ। ਉਹ ਪੰਜਾਬੀਆਂ ਨੂੰ ਸੁਡੌਲ ਜੁੱਸੇ ਵਾਲੇ, ਅਣਖ ਵਾਲੇ, ਨਿਡਰ ਅਤੇ ਬੇਪ੍ਰਵਾਹ, ਮੌਤ ਨੂੰ ਮਖੌਲਾਂ ਕਰਨ ਵਾਲੇ ਅਤੇ ਕਿਸੇ ਦੀ ਈਨ ਨਾ ਮੰਨਣ ਵਾਲੇ ਕਹਿੰਦਾ ਹੋਇਆ ਪਿਆਰ ਨਾਲ ਗ਼ੁਲਾਮੀ ਕਰਨ ਵਾਲੇ ਕਹਿੰਦਾ ਹੈ। ਜਿਸ ਦਾ ਜਿਕਰ ਉਸਨੇ ਆਪਣੀ ਕਵਿਤਾ ਜਵਾਨ ਪੰਜਾਬ ਦੇ ਵਿੱਚ ਇਸ ਤਰ੍ਹਾਂ ਕੀਤਾ ਹੈ:-

*ਇਹ ਬੇਪ੍ਰਵਾਹ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ*
*ਮਰਨ ਥੀਂ ਨਹੀਂ ਡਰਦੇ*
*ਪਿਆਰ ਨਾਲ ਇਹ ਕਰਨ ਗੁਲਾਮੀ*
*ਜਾਨ ਕੋਹ ਆਪਣੀ ਵਾਰ ਦਿੰਦੇ*
*ਪਰ ਟੈਂ ਨਾ ਮੰਨਣ ਕਿਸੇ ਦੀ* [17]

ਪ੍ਰੋ: ਪੂਰਨ ਸਿੰਘ ਨੇ ਪੰਜਾਬੀ ਸਾਹਿਤ ਜਗਤ ਨੂੰ ਜਿੰਨੀਆਂ ਵੀ ਕਾਵਿ ਰਚਨਾਵਾਂ ਪ੍ਰਦਾਨ ਕੀਤੀਆਂ ਹਨ। ਉਹ ਸਾਰੀਆਂ ਸੈਲਾਨੀ ਛੰਦ ਵਿੱਚ ਹਨ। ਵਾਲਟ ਵਿਟਮੈਨ ਨੇ ਜਿੰਨਾਂ ਪ੍ਰੋ. ਪੂਰਨ ਸਿੰਘ ਦੇ ਸੰਵੇਦਨਸ਼ੀਲ ਅਤੇ ਰੂਹਾਨੀ ਸ਼ਖਸੀਅਤ ਵਿੱਚ ਵਿਕਾਸ ਕੀਤਾ ਸ਼ਾਇਦ ਹੋਰ ਅੰਗਰੇਜ਼ੀ ਕਵੀਆਂ ਦਾ ਨਾ ਹੋਵੇ। ਵਾਲਟ ਵਿਟਮੈਨ ਦੀ ਪ੍ਰੇਰਨਾ ਸਦਕਾ ਉਸ ਅੰਦਰ ਖੁੱਲੀ ਕਵਿਤਾ ਲਿਖਣ ਦੀ ਪਿਰਤ ਪਈ। ਜਿਸ ਸੰਬੰਧੀ ਉਹ ਖੁਦ ਕਹਿੰਦਾ ਹੈ:-

*'To attempt to clothe deep feelings in the livery of rhyme is fatal unless one is merely composing what is pretty.*[18]

ਉਹ ਕਵਿਤਾ ਰਚਦੇ ਸਮੇਂ ਕਿਸੇ ਵੀ ਲੈਅ ਜਾਂ ਤੁਕ-ਬੰਦੀ ਨੂੰ ਨਾ ਅਪਣਾਉਂਦਾ ਹੋਇਆ ਕਵਿਤਾ ਨੂੰ ਆਪ ਮੁਹਾਰੇ ਵੇਗ ਵਿੱਚ ਵਹਿਣ ਦਿੰਦਾ ਹੈ। ਇੱਕ ਜ਼ਜ਼ਬਾਤੀ ਕਵੀ ਹੋਣ ਕਰਕੇ ਉਸ ਅੰਦਰ ਵਲਵਲੇ ਦਾ ਵੇਗ ਹੜ੍ਹ ਦੀ ਤਰ੍ਹਾਂ ਹੈ ਜੋ ਸਾਰੇ ਹੱਦ-ਬੰਨੇ ਟੱਪ ਜਾਂਦਾ ਹੈ। ਉਸ ਦੀ ਕਲਮ ਆਪ ਮੁਹਾਰੇ ਚੱਲਦੀ ਹੋਈ ਢੁਕਵੇਂ ਸ਼ਬਦਾਂ ਦੀ ਘਾੜਤ ਕਰਦੀ ਹੈ।

ਪ੍ਰੋ: ਪੂਰਨ ਸਿੰਘ ਦੀ ਖਾਸੀਅਤ ਇਹ ਹੈ ਕਿ ਉਹ ਲਿਖਤ ਵਿੱਚ ਸ਼ਬਦਾਵਲੀ ਦੀ ਹੇਰ-ਫੇਰ ਨਾ ਕਰਦਾ ਹੋਇਆ ਸ਼ਬਦਾਂ ਦੀ ਘਾੜਤ ਨੂੰ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕਰਦਾ ਹੈ। ਉਸਦਾ ਵੇਗ ਹੀ ਸ਼ਬਦਾਵਲੀ ਵਿੱਚੋਂ ਝਲਕਾਰੇ ਮਾਰਦਾ ਹੈ। ਉਸ ਦੀ ਬੋਲੀ ਵੀ ਆਮ ਬੋਲ ਚਾਲ ਦੀ ਬੋਲੀ ਹੈ,ਕੋਈ ਸਾਹਿਤਕ ਬੋਲੀ ਨਹੀਂ। ਉਹ ਸ਼ਬਦਾਂ ਦੀ ਚੋਣ ਕਰਨ ਵਿੱਚ ਉਸਤਾਦ ਹੈ। ਉਸ ਦੀ ਬੋਲੀ ਭਾਵਾਂ ਦੇ ਅਨੁਕੂਲ ਹੋਣ ਕਰਕੇ ਢੁੱਕਵੇਂ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਉਹ ਪੰਜਾਬੀਅਤ ਨੂੰ ਪਿਆਰ ਕਰਨ ਵਾਲਾ ਅਲਬੇਲਾ ਤੇ ਮਸਤ ਕਵੀ ਹੋਣ ਕਰਕੇ ਉਸਨੇ ਆਪਣੀਆਂ ਕਾਵਿ ਰਚਨਾਵਾਂ ਦੇ ਵਿਸ਼ੇ-ਸਰੋਕਾਰ ਵੀ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਨੂੰ ਆਧਾਰ ਬਣਾ ਕੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਉਘਾੜਿਆ ਹੈ। ਉਸਨੇ ਪੰਜਾਬ ਦੀ ਸਹੀ ਤਸਵੀਰ ਪੇਸ਼ ਕਰਕੇ ਸਮੁੱਚੀ ਮਨੁੱਖਤਾ ਨੂੰ ਪੰਜਾਬੀਅਤ ਤੋਂ ਜਾਣੂ ਕਰਵਾਇਆ ਹੈ। ਜੇਕਰ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਪ੍ਰੋ: ਪੂਰਨ ਸਿੰਘ ਵਾਲੀ ਪੰਜਾਬੀਅਤ ਕਿਤੇ ਵੀ ਉਘੜਦੀ ਹੋਈ ਨਜ਼ਰ ਨਹੀਂ ਆਉਂਦੀ। ਪੰਜਾਬ ਦੇ ਪਿੰਡਾਂ ਦੇ ਸ਼ਹਿਰਾਂ ਵਿੱਚ ਤਬਦੀਲ ਹੋ ਜਾਣ ਨਾਲ ਅਜੋਕੇ ਪਿੰਡਾਂ ਦਾ ਮੁਹਾਂਦਰਾ ਬਿਲਕੁਲ ਤਬਦੀਲ ਹੋ ਚੁੱਕਾ ਹੈ। ਹੁਣ ਪਿੰਡ,ਪਿੰਡ ਨਹੀ ਰਹੇ ਸ਼ਹਿਰ ਬਣ ਗਏ ਹਨ ਅਤੇ ਸ਼ਹਿਰ ਪੱਛਮੀ ਸਾਭਅਤਾ ਨੂੰ ਤਰਜੀਹ ਦੇ ਰਹੇ ਹਨ। ਪਰ ਪਿੰਡਾਂ ਦੇ ਕੁਝ ਘਰ ਤਾਂ ਅੱਜ ਵੀ ਪੂਰੀ ਤਰ੍ਹਾਂ ਆਪਣੀ ਵਿਰਾਸਤ ਨਾਲ ਜੁੜੇ ਹੋਏ ਹਨ ਅਤੇ ਉਹਨਾਂ ਦੇ ਕਾਰ ਵਿਹਾਰ ਅਤੇ ਰਸਮਾਂ-ਰਿਵਾਜ ਸਭ ਪੁਰਾਤਨ ਹਨ। ਸਮਕਾਲੀ ਸੰਦਰਭ'ਚ ਹੱਡ-ਭੰਨਵੀਂ ਮਿਹਨਤ ਕਰਨ ਵਾਲੇ ਮਜ਼ਦੂਰ ਅਤੇ ਕਿਸਾਨਾਂ ਦੀ ਸਥਿਤੀ ਬਹੁਤ ਕਮਜ਼ੋਰ ਬਣ ਚੁੱਕੀ ਹੈ। ਉਹ ਆਪਣੀ ਹੀ ਕਮਾਈ ਨੂੰ ਰੱਜ ਕੇ ਖਾ ਨਹੀਂ ਸਕਦੇ ਕਿਉਂਕਿ ਬਾਜ਼ਾਰੀਕਰਨ ਦੀਆਂ ਨੀਤੀਆਂ ਉਨ੍ਹਾਂ ਉੱਤੇ ਇੰਨੀਆਂ ਹਾਵੀ ਹੋ ਚੁੱਕੀਆ ਹਨ ਕਿ ਉਹ ਉਤਪਾਦਨ ਦੀ ਮੰਡੀ ਤੋਂ ਬਚ ਨਹੀਂ ਸਕਦੇ। ਉਹਨਾਂ ਨੂੰ ਮੰਡੀ ਵਿੱਚ ਆਪਣੀ ਹੀ ਉਪਜ ਦਾ ਮੁੱਲ ਪੁਆਉਣਾ ਪੈਂਦਾ ਹੈ। ਜਿਸ ਬਾਰੇ ਅੱਜ ਵੀ ਨਿਰਾਸ਼ਾ ਪ੍ਰਗਟਾਈ ਜਾ ਰਹੀ ਹੈ। ਸੋ ਲੋੜ ਹੈ! ਪ੍ਰੋ: ਪੂਰਨ ਸਿੰਘ ਦੇ ਤੇਜ਼ ਪ੍ਰਕਾਸ਼ ਨੂੰ ਅਸੀਂ ਭਵਿੱਖ 'ਚ ਬਰਕਰਾਰ ਰੱਖਦੇ ਹੋਏ ਸਮੁੱਚੀ ਨੌਜਵਾਨ ਪੀੜ੍ਹੀ ਅੰਦਰ ਗਿਆਨਮਈ ਚਾਨਣ ਦਾ ਪਾਸਾਰਾ ਕਰਦੇ ਹੋਏ ਉਹਨਾਂ ਨੂੰ ਆਪਣੀ ਵਿਰਾਸਤ ਨਾਲ ਜੋੜਨ ਦੀ ਕੋਸ਼ਿਸ਼ ਕਰੀਏ।

## ਹਵਾਲੇ ਅਤੇ ਟਿੱਪਣੀਆਂ


1. ਕਸੇਲ, ਸਵੈਜੋਤ ਕੌਰ, ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਕਾਵਿ ਦਾ ਤੁਲਨਾਤਮਕ ਅਧਿਅਨ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000, ਪੰਨਾ: 27
2. ਡਾ. ਜੱਗੀ ,ਰਤਨ ਸਿੰਘ, ਖੋਜ ਪਤ੍ਰਿਕਾ-ਪ੍ਰੋ. ਪੂਰਨ ਸਿੰਘ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ,1981 ਪੰਨਾ-83
3. Puran Singh, The Spirit Born People, Department of Languages, Punjab, 1970, Page:132.
4. ਰੰਧਾਵਾ, ਮਹਿੰਦਰ ਸਿੰਘ (ਸੰਪਾ.), ਪੂਰਨ ਸਿੰਘ: ਜੀਵਨੀ ਤੇ ਕਵਿਤਾ ਸਾਹਿਤ ਅਕਾਦਮੀ, ਦਿੱਲੀ,1965, ਪੰਨਾ: 347
5. ਪ੍ਰੋ. ਜਸਵੰਤ ਸਿੰਘ ਜਸ,ਪੂਰਨ ਸਿੰਘ ਦੀ ਕਾਵਿ-ਕਲਾ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ,1963, ਪੰਨਾ: 68
6. ਉਹੀ, ਪੰਨਾ: 89-90
7. ਉਹੀ, ਪੰਨਾ: 90.
8. ਰੰਧਾਵਾ, ਮਹਿੰਦਰ ਸਿੰਘ (ਸੰਪਾ.), ਪੂਰਨ ਸਿੰਘ: ਜੀਵਨੀ ਤੇ ਕਵਿਤਾ ਸਾਹਿਤ ਅਕਾਦਮੀ, ਦਿੱਲੀ,1965, ਪੰਨਾ: 187
9. ਪ੍ਰੋ. ਜਸਵੰਤ ਸਿੰਘ ਜਸ, ਪੂਰਨ ਸਿੰਘ ਦੀ ਕਾਵਿ-ਕਲਾ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ,1963, ਪੰਨਾ: 118-119.
10. ਉਹੀ, ਪੰਨਾ: 102
11. ਰੰਧਾਵਾ, ਮਹਿੰਦਰ ਸਿੰਘ (ਸੰਪਾ.), ਪੂਰਨ ਸਿੰਘ: ਜੀਵਨੀ ਤੇ ਕਵਿਤਾ, ਸਾਹਿਤ ਅਕਾਦਮੀ, ਦਿੱਲੀ,1965, ਪੰਨਾ: 239
12. ਪ੍ਰੋ: ਜਸਵੰਤ ਸਿੰਘ ਜਸ, ਪ੍ਰੋ ਪੂਰਨ ਸਿੰਘ ਦੀ ਕਾਵਿ- ਕਲਾ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ,1963, ਪੰਨਾ: 113
13. ਉਹੀ, ਪੰਨਾ: 113-114
14. ਉਹੀ, ਪੰਨਾ: 139
15. ਰੰਧਾਵਾ, ਮਹਿੰਦਰ ਸਿੰਘ (ਸੰਪਾ.), ਪੂਰਨ ਸਿੰਘ: ਜੀਵਨੀ ਤੇ ਕਵਿਤਾ, ਸਾਹਿਤ ਅਕਾਦਮੀ, ਦਿੱਲੀ, 1965, ਪੰਨਾ: 241
16. ਪ੍ਰੋ: ਜਸਵੰਤ ਸਿੰਘ ਜਸ, ਪ੍ਰੋ ਪੂਰਨ ਸਿੰਘ ਦੀ ਕਾਵਿ- ਕਲਾ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ, ਪੰਨਾ-89
17. ਉਹੀ, ਪੰਨਾ: 144
18. Prof. Puran Singh, The Spirit of Oriental Poetry, British Publishers, London, 1926, Page: 32.



***Cite this Article-***

ਡਾ. ਨਰਿੰਦਰਜੀਤ ਕੌਰ (Dr. Narinderjit Kaur), ਪ੍ਰੋ. ਪੂਰਨ ਸਿੰਘ ਦੀ ਕਾਵਿ ਰਚਨਾ: ਵਿਭਿੰਨ ਸਰੋਕਾਰ (PROF. PURAN SINGH DI KAAVI RACHNA: VIBHIN SAROKAR), *ਅਰਮਾਨ (ARMAAN), ISSN: 2583-9446 (O), Volume 3, Issue 3, July-September 2025, Page: 84-89.*

***Journal URL:*** www.armaan.org.in

**DOI:** https://doi.org/10.64119/armaan.vol.3.issue3.13



*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*